ਗੋਂਡ ॥ ਆਕਾਸਿ ਗਗਨੁ ਪਾਤਾਲਿ ਗਗਨੁ ਹੈ ਚਹੁ ਦਿਸਿ ਗਗਨੁ ਰਹਾਇਲੇ ॥ ਆਨਦ ਮੂਲੁ ਸਦਾ ਪੁਰਖੋਤਮੁ ਘਟੁ ਬਿਨਸੈ ਗਗਨੁ ਨ ਜਾਇਲੇ ॥੧॥ ਮੋਹਿ ਬੈਰਾਗੁ ਭਇਓ ॥ ਇਹੁ ਜੀਉ ਆਇ ਕਹਾ ਗਇਓ ॥੧॥ ਰਹਾਉ ॥ ਪੰਚ ਤਤੁ ਮਿਲਿ ਕਾਇਆ ਕੀਨ੍ਹੀ ਤਤੁ ਕਹਾ ਤੇ ਕੀਨੁ ਰੇ ॥ ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ ॥੨॥ ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇ ਰੇ ॥ ਕਹਿ ਕਬੀਰ ਰਾਮ ਨਾਮੁ ਨ ਛੋਡਉ ਸਹਜੇ ਹੋਇ ਸੁ ਹੋਇ ਰੇ ॥ ੩॥੩॥ {ਪੰਨਾ 870}

ਪਦਅਰਥ:- ਆਕਾਸਿ—ਅਕਾਸ਼ ਵਿਚ। ਗਗਨੁ—ਚੇਤਨ-ਸੱਤਾ, ਉਹ ਚੇਤੰਨਤਾ ਜੋ ਸਾਰੇ ਜਗਤ ਦੀ ਸੱਤਿਆ ਦਾ ਮੂਲ ਹੈ। ਪਾਤਾਲਿ—ਪਾਤਾਲ ਵਿਚ। ਚਹੁ ਦਿਸਿ—ਚਹੁੰ ਪਾਸੀਂ। ਰਹਾਇਲੇ—ਮੌਜੂਦ ਹੈ। ਮੂਲੁ—ਕਾਰਨ, ਮੁੱਢ। ਘਟੁ—ਸਰੀਰ। ਨ ਜਾਇਲੇ—ਨਾਸ ਨਹੀਂ ਹੁੰਦੀ ਹੈ।1।

ਮੋਹਿ—ਮੈਨੂੰ। ਬੈਰਾਗੁ—ਭਇਓ—(ਹੋਰਨਾਂ ਗੱਲਾਂ ਵਲੋਂ) ਉਪਰਾਮਤਾ ਹੋ ਰਹੀ ਹੈ, ਮੈਨੂੰ ਹੋਰ ਗੱਲਾਂ ਗ਼ੈਰ-ਜ਼ਰੂਰੀ ਜਾਪਦੀਆਂ ਹਨ; ਹੋਰਨਾਂ ਗੱਲਾਂ ਵੱਲੋਂ ਹਟ ਕੇ ਮੈਨੂੰ ਇਹ ਸੋਚ ਫੁਰ ਰਹੀ ਹੈ ਕਿ। ਜੀਉ—ਜੀਵਾਤਮਾ। ਇਹੁ......ਗਇਓ—ਕਹਾ ਤੇ ਇਹ ਜੀਉ ਆਇ ਕਹਾ ਗਇਓ? ਨਾਹ ਕਿਤੋਂ ਆਉਂਦਾ ਹੈ ਨਾਹ ਕਿਤੇ ਜਾਂਦਾ ਹੈ, ਇਹ ਜੀਵਾਤਮਾ ਕਦੇ ਮਰਦੀ ਨਹੀਂ।1। ਰਹਾਉ।

ਕਾਇਆ—ਸਰੀਰ। ਰੇ—ਹੇ ਭਾਈ! ਤਤੁ—ਹਵਾ, ਅੱਗ, ਮਿੱਟੀ ਆਦਿਕ ਤੱਤ ਜੋ ਜਗਤ-ਰਚਨਾ ਦਾ ਮੂਲ ਹਨ। ਕਰਮ ਬਧ—ਪਿਛਲੇ ਕੀਤੇ ਕਰਮਾਂ ਦਾ ਬੱਝਾ ਹੋਇਆ। ਕਰਮਹਿ—ਕਰਮਾਂ ਨੂੰ। ਕਿਨਿ—(ਚੇਤਨ-ਸੱਤਾ ਬਿਨਾ ਹੋਰ) ਕਿਸ ਨੇ? ਜੀਉ ਦੀਨੁ—ਵਜੂਦ ਦਿੱਤਾ, ਹਸਤੀ ਵਿਚ ਲਿਆਂਦਾ।2।

ਨਿਰੰਤਰਿ—ਅੰਦਰ ਇੱਕ-ਰਸ। ਸੋਇ—ਉਹ ਗਗਨ ਹੀ, ਉਹ ਚੇਤਨ-ਸੱਤਾ ਹੀ। ਸਹਜੇ......ਹੋਇ—(ਇਹ ਯਕੀਨ ਬਣ ਜਾਂਦਾ ਹੈ ਕਿ) ਜੋ ਕੁਝ ਜਗਤ ਵਿਚ ਹੋ ਰਿਹਾ ਹੈ (ਰਜ਼ਾ-ਅਨੁਸਾਰ) ਸੁਤੇ ਹੀ ਹੋ ਰਿਹਾ ਹੈ।3।

ਅਰਥ:- ਮੇਰਾ ਨਿਸ਼ਚਾ ਹੁਣ ਇਸ ਗੱਲ ਉੱਤੇ ਟਿਕ ਗਿਆ ਹੈ ਕਿ ਇਹ ਜਿੰਦ ਕਦੇ ਮਰਦੀ ਨਹੀਂ (ਕਿਉਂਕਿ ਇਹ ਜਿੰਦ ਉਸ ਸਰਬ-ਵਿਆਪਕ ਸਦਾ-ਥਿਰ ਚੇਤਨ-ਸੱਤਾ ਦਾ ਅੰਸ਼ ਹੈ)।1। ਰਹਾਉ।

(ਇਹ ਜਿੰਦ ਜਿਸ ਦਾ ਅੰਸ਼ ਹੈ ਉਹ) ਚੇਤਨ-ਸੱਤਾ ਅਕਾਸ਼ ਤੋਂ ਪਤਾਲ ਤੱਕ ਹਰ ਪਾਸੇ ਮੌਜੂਦ ਹੈ, ਉਹੀ (ਜੀਵਾਂ ਦੇ) ਸੁਖ ਦਾ ਮੂਲ-ਕਾਰਨ ਹੈ। ਉਹ ਸਦਾ ਕਾਇਮ ਰਹਿਣ ਵਾਲਾ ਹੈ, ਉਹ ਹੀ (ਹੈ ਜਿਸ ਨੂੰ) ਉੱਤਮ ਪੁਰਖ (ਪਰਮਾਤਮਾ ਕਹੀਦਾ) ਹੈ। (ਜੀਵਾਂ ਦਾ) ਸਰੀਰ ਨਾਸ ਹੋ ਜਾਂਦਾ ਹੈ, ਪਰ (ਸਰੀਰ ਵਿਚ ਵੱਸਦੀ ਜਿੰਦ ਦਾ ਸੋਮਾ) ਚੇਤਨ-ਸੱਤਾ ਨਾਸ ਨਹੀਂ ਹੁੰਦੀ।1।

ਪੰਜਾਂ ਤੱਤਾਂ ਨੇ ਮਿਲ ਕੇ ਇਹ ਸਰੀਰ ਬਣਾਇਆ ਹੈ (ਪਰ ਇਹਨਾਂ ਤੱਤਾਂ ਦੀ ਭੀ ਕੋਈ ਵੱਖਰੀ ਹਸਤੀ ਨਹੀਂ ਹੈ), ਇਹ ਤੱਤ ਭੀ ਹੋਰ ਕਿੱਥੋਂ ਬਣਨੇ ਸਨ? (ਇਹ ਭੀ ਚੇਤਨ-ਸੱਤਾ ਤੋਂ ਹੀ ਬਣੇ ਹਨ)। ਤੁਸੀ ਲੋਕ, ਹੇ ਭਾਈ! ਇਹ ਆਖਦੇ ਹੋ ਕਿ ਜੀਵਾਤਮਾ ਕੀਤੇ ਕਰਮਾਂ ਕਰਮਾਂ ਦਾ ਬੱਝਾ ਹੋਇਆ ਹੈ, (ਪਰ ਅਸਲ ਗੱਲ ਇਹ ਹੈ ਕਿ) ਕਰਮਾਂ ਨੂੰ ਭੀ ਪਹਿਲਾਂ ਚੇਤਨ-ਸੱਤਾ ਤੋਂ ਬਿਨਾ ਹੋਰ ਕਿਸ ਨੇ ਵਜੂਦ ਵਿਚ ਲਿਆਉਣਾ ਸੀ? (ਭਾਵ, ਕਰਮਾਂ ਨੂੰ ਭੀ ਪਹਿਲਾਂ ਇਹ ਚੇਤਨ-ਸੱਤਾ ਹੀ ਵਜੂਦ ਵਿਚ ਲਿਆਉਂਦੀ ਹੈ)।2।

ਹੇ ਭਾਈ! ਉਸ ਚੇਤਨ-ਸੱਤਾ ਪ੍ਰਭੂ ਦੇ ਅੰਦਰ ਇਹ (ਜੀਵਾਂ ਦਾ) ਸਰੀਰ ਵਜੂਦ ਵਿਚ ਆਉਂਦਾ ਹੈ, ਤੇ ਸਰੀਰਾਂ ਵਿਚ ਉਹ ਪ੍ਰਭੂ ਵੱਸਦਾ ਹੈ। ਸਭਨਾਂ ਦੇ ਅੰਦਰ ਉਹੀ ਹੈ, ਕਿਤੇ ਵਿੱਥ ਨਹੀਂ ਹੈ। ਸੋ, ਕਬੀਰ ਆਖਦਾ ਹੈ—ਐਸੇ ਚੇਤਨ-ਸੱਤਾ ਪਰਮਾਤਮਾ ਦਾ ਨਾਮ ਮੈਂ ਕਦੇ ਨਹੀਂ ਭੁਲਾਵਾਂਗਾ, (ਨਾਮ ਸਿਮਰਨ ਦੀ ਬਰਕਤਿ ਨਾਲ ਹੀ ਇਹ ਸਮਝ ਆਉਂਦੀ ਹੈ ਕਿ) ਜੋ ਕੁਝ ਜਗਤ ਵਿਚ ਹੋ ਰਿਹਾ ਹੈ ਸੁਤੇ ਹੀ (ਉਸ ਚੇਤਨ-ਸੱਤਾ ਪ੍ਰਭੂ ਦੀ ਰਜ਼ਾ ਵਿਚ) ਹੋ ਰਿਹਾ ਹੈ।3। 3।

ਨੋਟ:- ਰਾਗ ਸੋਰਠਿ ਵਿਚ ਰਵਿਦਾਸ ਜੀ ਲਿਖਦੇ ਹਨ:

ਸਰਬੇ ਏਕੁ ਅਨੇਕੈ ਸੁਆਮੀ, ਸਭ ਘਟ ਭੋੁਗਵੈ ਸੋਈ ॥
ਕਹਿ ਰਵਿਦਾਸ ਹਾਥ ਪੈ ਨੇਰੈ, ਸਹਜੇ ਹੋਇ ਸੁ ਹੋਈ ॥4॥1॥

ਇੱਥੇ ਵੇਖੋ ਕਬੀਰ ਜੀ ਦੀ ਆਖ਼ਰੀ ਤੁਕ "ਸਹਜੇ ਹੋਇ ਸੁ ਹੋਇ ਰੇ"।

ਦੋਵੇਂ ਬਨਾਰਸ ਦੇ ਰਹਿਣ ਵਾਲੇ ਤੇ ਸਮ-ਕਾਲੀ ਸਨ। ਇਕ ਦੂਜੇ ਨਾਲ ਪਿਆਰ ਤੇ ਖ਼ਿਆਲਾਂ ਦੀ ਡੂੰਘੀ ਸਾਂਝ ਸੀ।

ਸ਼ਬਦ ਦਾ ਭਾਵ:- ਸਰਬ-ਵਿਆਪਕ ਪਰਮਾਤਮਾ ਹੀ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ। ਜੀਵਾਤਮਾ ਉਸੇ ਦੀ ਅੰਸ਼ ਹਨ, ਜੀਵਾਂ ਦੇ ਸਰੀਰ ਨੂੰ ਬਣਾਣ ਵਾਲਾ ਭੀ ਪ੍ਰਭੂ ਹੀ ਹੈ, ਤੇ ਜੀਵਾਂ ਦੇ ਕਰਮਾਂ ਨੂੰ ਭੀ ਉਸੇ ਨੇ ਹੀ ਪਹਿਲਾਂ ਵਜੂਦ ਵਿਚ ਲਿਆਂਦਾ। ਜੋ ਕੁਝ ਹੋ ਰਿਹਾ ਹੈ, ਸੁਤੇ ਹੀ ਉਸੇ ਦੀ ਰਜ਼ਾ ਅਨੁਸਾਰ ਹੋ ਰਿਹਾ ਹੈ।